# ਬੈਂਕ ਆਫ ਕਨੇਡਾ ਵੱਲੋਂ 100 ਡਾਲਰ ਦਾ ਨਵਾਂ ਨੋਟ ਜਾਰੀ

**ਹੈਲੀਫੈਕਸ**—ਬੈਂਕ ਆਫ ਕਨੇਡਾ ਨੇ ਅੱਜ ਕਨੇਡਾ ਦਾ 100 ਡਾਲਰ ਦਾ ਨਵਾਂ ਨੋਟ ਜਾਰੀ ਕੀਤਾ ਜਿਸ ਦੀ ਚਲੰਤ 17 ਮਾਰਚ ਤੋਂ ਸ਼ੁਰੂ ਹੋ ਜਾਵੇਗੀ। ਇਸ ਨੋਟ ਨੂੰ ਜਾਰੀ ਕਰਨ ਦੀ ਰਸਮ 'ਚ ਮਾਨਯੋਗ ਰੌਬਰਟ ਥੀਬਾਲਟ, ਮੈਂਬਰ ਪਾਰਲੀਮੈਂਟ, ਵੈਸਟ ਨੋਵਾ, (ਨੋਵਾ ਸਕੋਸ਼ੀਆ) ਬੈਂਕ ਆਫ ਕਨੇਡਾ ਦੇ ਗਵਰਨਰ, ਡੇਵਿਡ ਡੌਜ, ਬੈਂਕ ਆਫ ਕਨੇਡਾ ਦੇ ਬੋਰਡ ਆਫ ਡਾਇਰੈਕਟਰ ਦੇ ਮੈਂਬਰ, ਡੇਨੀਅਲ ਗੈਲੀਵਨ ਅਤੇ ਸਾਬਕਾ ਪੁਲਾੜ ਯਾਤਰੀ ਅਤੇ ਕਨੇਡੀਅਨ ਸਪੇਸ ਏਜੰਸੀ ਦੇ ਮੁਖੀ ਮਾਰਕ ਗਾਰਨੀਓ ਨੇ ਹਿੱਸਾ ਲਿਆ।

ਬੈਂਕ ਦੇ ਗਵਰਨਰ ਡੇਵਿਡ ਡੌਜ ਨੇ ਕਿਹਾ ਕਿ, ''ਨਕਦੀ ਲੈਣ-ਦੇਣ ਦੀ ਮੰਗ ਹਰ ਸਾਲ ਵਧ ਰਹੀ ਹੈ ਅਤੇ ਇਹ ਮਹੱਤਵਪੂਰਨ ਹੈ ਕਨੇਡਾ ਨਿਵਾਸੀਆਂ ਦਾ ਆਪਣੀ ਕਰੰਸੀ 'ਚ ਪੂਰਾ ਵਿਸ਼ਵਾਸ ਬਣਿਆ ਰਹੇ। ਉਨ੍ਹਾਂ ਕਿਹਾ ਕਿ ਨਵੇਂ ਜਾਰੀ ਕੀਤੇ ਜਾਣ ਵਾਲੇ ਇਸ 100 ਡਾਲਰ ਦੇ ਨੋਟ ਦੀ ਕਨੇਡੀਅਨ ਲੋਕ ਸੌਖ ਅਤੇ ਮਾਣ ਨਾਲ ਵਰਤੋਂ ਕਰ ਸਕਣਗੇ।''

100 ਡਾਲਰ ਦੇ ਬਣਾਏ ਇਸ ਨਵੇਂ ਨੋਟ 'ਚ ਵਧੀਆ ਕਲਾ, ਦੁਆਰਾ ਨਕਲੀ ਨੋਟ ਬਣਾਏ ਜਾਣ ਤੋਂ ਰੋਕਣ ਦੇ ਵਧੀਆ ਢੰਗ ਵਰਤੇ ਗਏ ਹਨ, ਜਿਸ ਨਾਲ ਕਨੇਡੀਅਨ ਕਰੰਸੀ ਦੀ ਸੁਰੱਖਿਆ 'ਚ ਵਾਧਾ ਹੋਵੇਗਾ। ਨਵੇਂ ਰੰਗ ਰੂਪ 'ਚ ਹੋਲੋਗਰਾਫ ਵਾਲੀ ਧਾਤ ਵਰਗੀ ਧਾਰੀ, ਵਾਟਰ ਮਾਰਕ ਚਿੱਤਰ, ਰੰਗ ਬਦਲਦਾ ਇਕ ਝਰੋਖਾ ਅਤੇ ਆਰ-ਪਾਰ ਦਿਸ ਰਹੇ ਨੰਬਰ ਸ਼ਾਮਲ ਹਨ। ਇਸ ਨੋਟ 'ਚ ਸੁਰੱਖਿਆ ਦੇ ਵੀ ਜਾਣੇ-ਪਹਿਚਾਣੇ ਪ੍ਰਬੰਧ ਹਨ ਜਿਵੇਂ ਕਿ ਉਭਰਵੀਂ ਸਿਆਹੀ, ਸ਼ਾਨਦਾਰ ਪ੍ਰਿੰਟਿੰਗ ਅਤੇ ਬੈਂਗਣੀ ਰੰਗ ਦੀ ਰੌਸ਼ਨੀ 'ਚ ਦੂਰੋਂ ਵਿਖਾਈ ਦਿੰਦੇ ਰੰਗ ਆਦਿ ਵੀ ਹਨ।

ਗਵਰਨਰ ਡੌਜ਼ ਨੇ ਕਿਹਾ, ''ਸੁਰੱਖਿਆ ਦੇ ਪ੍ਰਬੰਧ ਵੀ ਭਰੋਸੇਯੋਗ, ਤੁਰੰਤ ਤੇ ਵਰਤਣ ਲਈ ਸੌਖੇ ਹਨ ਜਦੋਂ ਕਿ ਨਕਲੀ ਨੋਟ ਬਣਾਉਣ ਵਾਲਿਆਂ ਲਈ ਇਹ ਬਣਾਉਣੇ ਮੁਸ਼ਕਲ ਹਨ।'' ਉਨ੍ਹਾਂ ਕਿਹਾ, ''ਕਨੇਡਾ ਵਾਸੀ ਇਹ ਮਾਣ ਕਰ ਸਕਦੇ ਹਨ ਕਿ ਇਸ ਵੱਡੇ ਨੋਟ ਨੂੰ ਹਰ ਪਾਸੇ ਪ੍ਰਵਾਨਗੀ ਮਿਲੇਗੀ।''

ਇਸ ਮੌਕੇ ਮਾਨਯੋਗ ਰੌਬਰਟ ਥੀਬਾਲਟ ਨੇ ਕਿਹਾ, ''ਇਸ ਬੈਂਕ ਨੋਟ ਨਾਲ ਅਸੀਂ ਵਿਸ਼ਵ ਭਰ 'ਚ ਜਾਣੀ ਜਾਂਦੀ ਕਨੇਡਾ ਦੀ ਨਵੀਂ ਖੋਜ ਅਤੇ ਤਬਦੀਲੀ ਦੇ ਪ੍ਰੇਰਣਾ ਸਿਧਾਂਤਾਂ ਦਾ ਜਸ਼ਨ ਮਨਾ ਰਹੇ ਹਾਂ। ਇਸ ਵਿਚ ਸਾਡੀ ਨਕਾਸ਼ੀ ਅਤੇ ਚਿੱਤਰਕਾਰੀ ਦਾ ਲੰਬਾ ਇਤਿਹਾਸ ਵੀ ਵਰਨਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਨੋਟ ਦੇ ਇਸ ਨਵੇਂ ਡਿਜ਼ਾਇਨ 'ਤੇ ਕਨੇਡਾ ਨਿਵਾਸੀਆਂ ਨੂੰ ਮਾਣ ਹੋਵੇਗਾ।''

ਨਵੇਂ ਡਿਜ਼ਾਈਨ ਕੀਤੇ ਇਸ ਨੋਟ 'ਚ ਪਹਿਲੀ ਵਿਸ਼ਵ ਜੰਗ ਸਮੇਂ ਕਨੇਡਾ ਦੇ ਪ੍ਰਧਾਨ ਮੰਤਰੀ ਸਰ ਰੌਬਰਟ ਬੋਰਡਨ ਦਾ ਚਿੱਤਰ ਅਤੇ ਪਾਰਲੀਮੈਂਟ ਬਿਲਡਿੰਗ ਦੇ ਪੂਰਬੀ ਬਲਾਕ ਦੇ ਅੰਦਰ ਜਾਣ ਦੇ ਰਸਤੇ ਦੀ ਤਸਵੀਰ ਉੱਕਰੀ ਹੋਈ ਹੈ। Exploration and Innovation ਦੇ ਸਿਰਲੇਖ ਹੇਠ ਇਸ ਨਵੇਂ ਨੋਟ 'ਤੇ ਸੈਟੇਲਾਈਟ ਰਾਹੀਂ ਲਿਆ ਕਨੇਡਾ ਦੇ ਵੱਖ-ਵੱਖ ਭਾਗਾਂ ਦਾ ਚਿੱਤਰ ਅਤੇ ਸੈਮੂਅਲ ਡੀ ਚੈਂਪਲੇਨ ਵੱਲੋਂ 1632 'ਚ ਬਣਾਇਆ ਨਕਸ਼ਾ ਹੈ।

ਅੱਖਾਂ ਦੀ ਜੋਤ ਤੋਂ ਹੀਣੇ ਅਤੇ ਘੱਟ ਨਜ਼ਰ ਵਾਲੇ ਲੋਕਾਂ ਲਈ ਛੋਹ ਕੇ ਵੱਖ-ਵੱਖ ਮੁੱਲ ਦੇ ਨੋਟਾਂ ਦੀ ਆਸਾਨੀ ਨਾਲ ਪਹਿਚਾਣ ਕਰਨ 'ਚ ਸਹਾਇਤਾ ਕਰਨ ਦੇ ਮੰਤਵ ਨਾਲ, ਨਵੇਂ 100 ਡਾਲਰ ਦੇ ਨੋਟ ਵਿਚ ਉਹ ਸਾਰੇ ਫੀਚਰ (ਉੱਭਰੇ ਹੋਏ ਬਿੰਦੂ), ਅਤੇ ਕਨੇਡੀਅਨ ਨੈਸ਼ਨਲ ਇੰਸਟੀਚਿਊਟ ਫਾਰ ਬਲਾਈਂਡ ਵੱਲੋਂ ਦਿੱਤਾ ਜਾਂਦਾ ਪੜ੍ਹਨ ਵਾਲਾ ਚੁੱਕਵਾਂ ਬਿਜਲਈ ਯੰਤਰ ਨਾਲ ਪੜ੍ਹੇ ਜਾ ਸਕਣ ਵਾਲੇ ਵੱਖਰੀ ਤਰ੍ਹਾਂ ਦੇ ਨੰਬਰ ਵੀ ਇਸ ਨੋਟ 'ਤੇ ਹਨ।

ਇਸ ਨੋਟ ਨੂੰ ਬੈਂਕ ਆਫ ਕਨੇਡਾ ਵੱਲੋਂ 17 ਮਾਰਚ ਨੂੰ ਚਾਲੂ ਕਰਨ ਦੀ ਕੀਤੀ ਜਾ ਰਹੀ ਤਿਆਰੀ ਦੇ ਨਾਲ-ਨਾਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਵਿੱਤੀ ਸੰਸਥਾਵਾਂ ਅਤੇ ਆਮ ਵਿਕਰੀ ਤੇ ਮਹਿਮਾਨ ਨਿਵਾਜੀਕਰਨ ਵਾਲੀਆਂ ਸੰਸਥਾਵਾਂ ਨੂੰ ਵੀ ਇਸ 100 ਡਾਲਰ ਦੇ ਨੋਟ ਅਤੇ ਇਸ ਦੀ ਸੁਰੱਖਿਆ ਪ੍ਰਣਾਲੀ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਬੈਂਕ ਆਫ ਕਨੇਡਾ ਵੱਲੋਂ ਬਾਅਦ 'ਚ ਇਸੇ ਸਾਲ 20 ਅਤੇ 50 ਡਾਲਰ ਦੇ ਨਵੇਂ ਨੋਟ ਚਾਲੂ ਕਰਨ ਦੀ ਯੋਜਨਾ ਹੈ। ਇਸ ਦੌਰਾਨ ਪਹਿਲੇ ਚੱਲਦੇ ਨੋਟ ਵੀ ਚੱਲਦੇ ਰਹਿਣਗੇ।